# ਅਸੁਰੱਖਿਅਤ ਬਾਲਗਾਂ ਨਾਲ ਬਦਸਲੂਕੀ ਦੀ ਰਿਪੋਰਟ ਕਿਵੇਂ ਕਰੀਏ

ਹਰ ਇਕ ਵਾਸਤੇ ਸੰਖੇਪ ਗਾਈਡ

**ਰੁਕੋ, ਦੇਖੋ, ਅਤੇ ਸੁਣੋ**

**ਬੋਲੋ, ਸਾਨੂੰ ਆਪਣੇ ਮਸਲਿਆਂ ਬਾਰੇ ਦੱਸੋ**

**ਹੈਲਪਲਾਈਨ ਨੂੰ 01484 226549 ਤੇ ਟੈਲੀਫੋਨ ਕਰੋ (ਲਾਈਨ ਦਿਨ ਦੇ 24 ਘੰਟੇ ਖੁੱਲ੍ਹੀ ਹੈ)**

**ਅਸੁਰੱਖਿਅਤ ਬਾਲਗ ਕੌਣ ਹੈ?**
ਅਸੁਰੱਖਿਅਤ ਬਾਲਗ ਘੱਟ ਤੋਂ ਘੱਟ ਆਪਣੀ ਕੁਝ ਦੇਖ ਭਾਲ ਅਤੇ ਸਹਾਇਤਾ ਵਾਸਤੇ ਦੂਸਰੇ ਲੋਕਾਂ ਤੇ ਨਿਰਭਰ ਕਰਦਾ ਹੈ।

**ਬਦਸਲੂਕੀ ਕੀ ਹੈ?**
ਬਦਸਲੂਕੀ ਯਾਣੀ ਅਬਿਊਜ਼ ਵਿਚ ਕਈ ਤਰਾਂ ਦੀ ਤਾਕਤ, ਡਰਾਵੇ ਅਤੇ ਧੋਖੇ ਸ਼ਾਮਲ ਹਨ।

**ਬਦਸਲੂਕੀ ਦੀਆਂ ਮੁੱਖ ਕਿਸਮਾਂ ਹਨਃ**

ਜਿਸਮਾਨੀ ਬਦਸਲੂਕੀ
ਇਹ ਹਿੰਸਾ ਹੈ ਜਿਸ ਨਾਲ ਦੁੱਖ ਜਾਂ ਚੋਟ ਲੱਗਦੀ ਹੈ।

ਲਿੰਗਕ ਬਸਸਲੂਕੀ
ਇਸ ਵਿਚ ਅਣਚਾਹਿਆ ਕਾਮੁਕ ਜਾਂ ਛੋਹ ਵਾਲਾ ਵਰਤਾਉ ਹੈ।

ਮਨੋਵਿਗਿਆਨਕ ਬਦਸਲੂਕੀ
ਇਸ ਵਿਚ ਕੋਈ ਵੀ ਕਹੀ ਜਾਂ ਲਿਖੀ ਹੋਈ ਗੱਲ ਸ਼ਾਮਲ ਹੈ ਜਿਸ ਨਾਲ ਭਾਵਨਾਤਮਕ ਪੀੜ ਜਾਂ ਬੇਚੈਨੀ ਹੁੰਦੀ ਹੋਵੇ।

ਬੇਧਿਆਨੀ ਅਤੇ ਅਣਗਹਿਲੀ ਵਾਲੇ ਕੰਮ
ਇਹ ਕਿਸੇ ਵਿਅਕਤੀ ਦੀ ਦੇਖ ਭਾਲ ਕਰਨ ਜਾਂ ਉਸ ਵੱਲ ਧਿਆਨ ਦੇਣ ਵਿਚ ਇਸ ਹੱਦ ਤੱਕ ਕੁਤਾਹੀ ਕਰਨਾ ਹੈ ਜਿਸ ਨਾਲ ਉਸ ਵਿਅਕਤੀ ਦੀ ਸਿਹਤ ਅਤੇ ਸੁਰੱਖਿਅਤਾ ਤੇ ਅਸਰ ਪੈਂਦਾ ਹੈ।

ਵਿਤਕਰੇ ਵਾਲੀ ਬਦਸਲੂਕੀ
ਇਹ ਕਿਸੇ ਵਿਅਕਤੀ ਨਾਲ ਉਸਦੀ ਨਸਲ, ਲਿੰਗ, ਲਿੰਗਕ ਚੋਣ, ਧਰਮ ਜਾਂ ਅਪਾਹਿਜਤਾ ਦੇ ਕਾਰਨ ਕੀਤਾ ਗਿਆ ਵਿਤਕਰੇ ਭਰਿਆ ਵਰਤਾਉ ਹੈ।

ਮਾਲੀ ਜਾਂ ਸਾਮਾਨ ਦੀ ਬਦਸਲੂਕੀ
ਇਸ ਵਿਚ ਕਿਸੇ ਵਿਅਕਤੀ ਦੀ ਜਾਇਦਾਦ, ਧਨ, ਸਾਮਾਨ ਜਾਂ ਭੱਤਿਆਂ ਦੀ ਚੋਰੀ ਜਾਂ ਦੁਰਵਰਤੋਂ ਸ਼ਾਮਲ ਹੈ।

**ਬਦਸਲੂਕ ਕੌਣ ਹੋ ਸਕਦਾ ਹੈ?**
ਇਹ ਕੋਈ ਵੀ ਵਿਅਕਤੀ ਹੋ ਸਕਦਾ ਹੈ।

**ਤੁਹਾਨੂੰ ਕੀ ਕਰਨਾ ਚਾਹੀਦਾ ਹੈ?**
ਜੇਕਰ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਹਾਡੇ ਨਾਲ ਜਾਂ ਤੁਹਾਨੂੰ ਜਾਣਦੇ ਹੋਏ ਕਿਸੇ ਵਿਅਕਤੀ ਨਾਲ ਬਦਸਲੂਕੀ ਹੋ ਰਹੀ ਹੈ ਤਾਂ ਹੁਣੇ ਸੋਸ਼ਲ ਸਰਵਿਸਿਜ਼ ਨੂੰ ਇਸ ਨੰਬਰ ਤੇ ਟੈਲੀਫੋਨ ਕਰੋ:

**01484 226549**

(ਲਾਈਨ ਦਿਨ ਦੇ 24 ਘੰਟੇ ਖੁੱਲ੍ਹੀ ਰਹਿੰਦੀ ਹੈ)

ਜਾਂ ਸਾਨੂੰ ਇਸ ਪਤੇ ਤੇ ਈ-ਮੇਲ ਕਰੋ: protection@kirkleesmc.gov.uk

**ਧਿਆਨ ਰੱਖੋ**
**ਸੁਣੋ**
**ਕਹੋ!**

**ਸਾਡੇ ਨਾਲ ਤੁਹਾਡੇ ਸੰਪਰਕ ਕਰਨ ਤੋਂ ਬਾਅਦ, ਅੱਗੋਂ ਕੀ ਹੋਵੇਗਾ?**
ਅਸੀਂ ਸਾਰੀਆਂ ਟੈਲੀਫੋਨ ਕਾਲਾਂ ਨੂੰ ਗੰਭੀਰਤਾ ਨਾਲ ਲੈਂਦੇ ਹਾਂ। ਅਸੀਂ ਤੁਰੰਤ ਪੁਛਗਿਛ ਸ਼ੁਰੂ ਕਰ ਦੇਵਾਂਗੇ ਅਤੇ ਇਹ ਗੱਲ ਯਕੀਨੀ ਬਣਾਵਾਂਗੇ ਕਿ ਅਸੀਂ ਤੁਹਾਨੂੰ ਛੇਤੀ ਉੱਤਰ ਦੇਈਏ।